no: 3981/IQAC
Date 25/2/2019

ਦਫ਼ਤਰ ਡੀਨ ਅਕਾਦਮਿਕ ਮਾਮਲੇ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾਇਰੀ ਨੰ....1854....
ਮਿਤੀ....26/02/19....
27/2/19 07/3/19 08/03/19

# Proceedings of Meeting

ਮਾਣਯੋਗ ਵਾਈਸ ਚਾਂਸਲਰ ਜੀ ਦੀ ਪ੍ਰਧਾਨਗੀ ਹੇਠ ਮਿਤੀ 18.02.2019 ਨੂੰ ਸ਼ਾਮ 04:30 ਵਜੇ ਸਿੰਡੀਕੇਟ ਰੂਮ ਵਿਚ ਆਈ.ਕਿਊ.ਏ.ਸੀ. ਕਮੇਟੀ ਦੀ ਇਕਤਰਤਾ ਹੋਈ। ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜਰ ਸਨ:

1. ਮਾਣਯੋਗ ਵਾਈਸ ਚਾਂਸਲਰ
2. ਡੀਨ ਅਕਾਦਮਿਕ ਮਾਮਲੇ
3. ਰਜਿਸਟਰਾਰ
4. ਡਾਇਰੈਕਟਰ, ਯੂਨੀਵਰਸਿਟੀ ਕੰਪਿਊਟਰ ਸੈਂਟਰ
5. ਵਿੱਤ ਅਫਸਰ
6. ਡਾ. ਰਾਜੇਸ਼ ਸ਼ਰਮਾ, ਪ੍ਰੋਫੈਸਰ, ਅੰਗਰੇਜ਼ੀ ਵਿਭਾਗ
7. ਡਾ. ਜਸਰਾਜ ਕੌਰ, ਪ੍ਰੋਫੈਸਰ, ਐਜੂਕੇਸ਼ਨ ਐਂਡ ਕਮਿਊਨਿਟੀ ਸਰਵਿਸਿਜ਼ ਵਿਭਾਗ
8. ਡਾ. ਦਮਨਜੀਤ ਸੰਧੂ, ਐਸੋਸੀਏਟ ਪ੍ਰੋਫੈਸਰ, ਮਨੋਵਿਗਿਆਨ ਵਿਭਾਗ
9. ਡਾ. ਚਰਨਜੀਤ ਸਿੰਘ, ਈ.ਸੀ.ਈ. ਵਿਭਾਗ
10. ਪ੍ਰੋਫੈਸਰ (ਡਾ.) ਜੈ ਰੂਪ ਸਿੰਘ, ਸਾਬਕਾ ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਸਾਬਕਾ ਵਾਇਸ ਚਾਂਸਲਰ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ
11. ਸ੍ਰੀ ਐਸ.ਪੀ.ਐਸ. ਓਬਰਾਏ, ਮੈਨੇਜਿੰਗ ਟਰੱਸਟੀ-ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਚੇਅਰਮੈਨ ਅਪੈਕਸ ਗਰੁੱਪ ਆਫ ਕੰਪਨੀਜ਼ ਦੁਬਈ
12. ਸ੍ਰੀ ਪਰਮਜੀਤ ਸਿੰਘ ਸਿੱਧੂ
13. ਡਾ. ਮਨਜੀਤ ਸਿੰਘ ਪਾਤੜ, ਡਾਇਰੈਕਟਰ, ਆਈ.ਕਿਊ.ਏ.ਸੀ.

ਇਸ ਮੀਟਿੰਗ ਵਿਚ ਸਰਬ-ਸੰਮਤੀ ਨਾਲ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

## 1. ਐਡਮਿਨੀਸਟ੍ਰੇਟਿਵ ਆਡਿਟ ਵਾਸਤੇ Criteria ਅਤੇ Committees

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਇਹ ਪ੍ਰੋਫਾਰਮਾ ਸਾਰੇ ਮੈਂਬਰ ਸਾਹਿਬਾਨ ਤੋਂ ਸਲਾਹ ਲੈਣ ਲਈ ਇਕ ਵਾਰ ਫਿਰ ਦੁਬਾਰਾ ਭੇਜ ਦਿੱਤਾ ਜਾਵੇ। ਕਮੇਟੀ ਵਲੋਂ ਮਾਣਯੋਗ ਵਾਈਸ ਚਾਂਸਲਰ ਸਾਹਿਬ, ਜੋ ਕਿ ਆਈ.ਕਿਊ.ਏ.ਸੀ. ਕਮੇਟੀ ਦੇ ਚੇਅਰਮੈਨ ਹਨ, ਨੂੰ ਅਧਿਕਾਰ ਦਿਤਾ ਗਿਆ ਕਿ ਉਹ ਪੱਤਰ ਜਾਰੀ ਕਰਨ ਦੇ 10 ਦਿਨਾਂ ਬਾਦ ਡਾਇਰੈਕਟਰ, ਆਈ.ਕਿਊ.ਏ.ਸੀ. (ਮੈਂਬਰ ਸੈਕਟਰੀ) ਨੂੰ ਪ੍ਰਾਪਤ ਹੋਏ ਸੁਝਾਵਾਂ ਉਪਰ ਮੈਂਬਰ ਸੈਕਟਰੀ (ਡਾਇਰੈਕਟਰ ਆਈ.ਕਿਊ.ਏ.ਸੀ.) ਨਾਲ ਵਿਚਾਰ-ਵਟਾਂਦਰਾ ਕਰਕੇ ਇਸ ਪ੍ਰੋਫਾਰਮੇ ਨੂੰ ਫਾਇਨਲ ਕਰ ਲੈਣ। (Action to be taken by Director IQAC)

1011
27/2/19
7/3/19

## 2. ਏ.ਕਿਊ.ਏ.ਆਰ. (AQAR) ਅਤੇ ਇਸ ਦਾ ਨਵਾਂ ਪ੍ਰੋਫਾਰਮਾ

ਕਮੇਟੀ ਵਲੋਂ ਏ.ਕਿਊ.ਏ.ਆਰ. ਦੇ ਨਵੇਂ ਪ੍ਰੋਫਾਰਮੇ ਦੇ ਪੁਆਇੰਟ 14,17,2.5.1,2.5.2,2.6.2, 3.4.5, 3.4.6, 7.1.4, 7.1.5, 7.3 ਉਪਰ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਡਾਇਰੈਕਟਰ ਆਈ.ਕਿਊ.ਏ.ਸੀ. ਇਹ ਪ੍ਰੋਫਾਰਮਾ ਸਾਰੇ ਵਿਭਾਗਾਂ ਦੇ ਮੁਖੀ ਸਾਹਿਬਾਨਾਂ ਨੂੰ ਭੇਜਦੇ ਹੋਏ ਆਪਣੇ ਆਪਣੇ ਵਿਭਾਗ ਨਾਲ ਸਬੰਧਤ ਸੂਚਨਾ ਇਸ ਪ੍ਰੋਫਾਰਮੇ ਅਨੁਸਾਰ ਤਿਆਰ ਕਰਨ ਲਈ ਲਿਖਿਆ ਜਾਵੇ। (Action to be taken by Director IQAC)

- ਕੰਟਰੋਲਰ (ਪ੍ਰੀਖਿਆਵਾਂ)/ਐਡੀਸ਼ਨਲ ਕੰਟਰੋਲਰ (ਪ੍ਰੀਖਿਆਵਾਂ) ਨੂੰ ਨਵੇਂ ਪ੍ਰੋਫਾਰਮੇ ਅਨੁਸਾਰ ਸੂਚਨਾ ਤਿਆਰ ਕਰਕੇ ਸਮੇਂ ਸਿਰ ਆਈ.ਕਿਊ.ਏ.ਸੀ. ਦਫਤਰ ਨੂੰ ਭੇਜਣ ਸਬੰਧੀ ਬਣਦੀ ਕਾਰਵਾਈ ਕਰਨ ਲਈ ਕਿਹਾ ਗਿਆ। ( Action to be taken by Controller Examination)
- ਇਸ ਸਮੇਂ ਯੂਨੀਵਰਸਿਟੀ ਵਿਚ Piece Meal Management Information System ਹੈ, Comprehensive Management Information System ਸਥਾਪਿਤ ਕਰਨ ਸਬੰਧੀ ਫੈਸਲਾ ਲਿਆ ਗਿਆ ਹੈ ਅਤੇ ਇਸ ਸਬੰਧੀ ਕਾਰਵਾਈ ਡੀਨ ਅਕਾਦਮਿਕ ਮਾਮਲੇ ਵਲੋਂ ਕੀਤੀ ਜਾਵੇਗੀ। (Action to be taken by Dean, Academic Affairs)
- ਯੂਨੀਵਰਸਿਟੀ ਦੇ ਸਾਰੇ ਮੁਖੀ ਸਾਹਿਬਾਨਾਂ ਨੂੰ ਡੀਨ ਅਕਾਦਮਿਕ ਮਾਮਲੇ ਰਾਹੀਂ ਇਕ ਪੱਤਰ ਜਾਰੀ ਕੀਤਾ ਜਾਵੇ ਕਿ ਉਹ ਆਪਣੇ ਆਪਣੇ ਅਧੀਨ ਫੈਕਲਟੀ ਮੈਂਬਰਾਂ ਨੂੰ ਹਦਾਇਤਾਂ ਜਾਰੀ ਕਰਨ ਕਿ ਉਹ ਆਪਣੇ ਵੱਧ ਤੋਂ ਵੱਧ ਰਿਸਰਚ ਪਬਲੀਕੇਸ਼ਨ ਉਨ੍ਹਾਂ ਰਿਸਰਚ ਜਨਰਲ ਵਿਚ ਕਰਨ ਜਿਹੜੇ ਕਿ Scopus/Web of Science ਵਿਚ indexed ਹਨ। (Action to be taken by Dean, Academic Affairs)
- Scopus/Web of Science ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਯੂਨੀਵਰਸਿਟੀ ਕੋਲ Scopus/Web of Science ਦੀ subscription ਹੋਣੀ ਚਾਹੀਦੀ ਹੈ। ਇਸ ਬਾਰੇ ਲਾਇਬ੍ਰੇਰੀਅਨ ਆਪਣੀ ਕਾਰਵਾਈ ਸ਼ੁਰੂ ਕਰਨ। (Action to be taken by Librarian)

## 3. ਆਈ.ਕਿਊ.ਏ.ਸੀ. ਵਲੋਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ

ਕਮੇਟੀ ਵਲੋਂ ਆਈ.ਕਿਊ.ਏ.ਸੀ. ਵਲੋਂ ਕੀਤੀਆਂ ਜਾਣ ਵਾਲੀਆਂ ਹੇਠ ਲਿਖੀਆਂ ਗਤੀਵਿਧੀਆਂ ਨੂੰ ਪ੍ਰਵਾਨਗੀ ਦਿੱਤੀ ਗਈ:

a) Preparation & Submission of AQAR
b) Participation in NIRF India Rankings 2020
c) Academic and Administrative Audit of the University Departments
d) Activities related to RUSA Phase-II
e) Institutionalization of Quality parameters for different criterion.

4. (i) **Information New Students and Passing out students**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਡੀਨ, ਅਕਾਦਮਿਕ ਮਾਮਲੇ ਇਸ ਬਾਰੇ ਸਾਰੇ ਵਿਭਾਗਾਂ ਦੇ ਮੁਖੀ ਸਾਹਿਬਾਨਾਂ ਨੂੰ ਦਫਤਰੀ ਆਦੇਸ਼ ਜਾਰੀ ਕਰਨ ਕਿ ਉਹ ਆਪਣੇ ਆਪਣੇ ਵਿਭਾਗਾਂ ਦੇ ਸਾਰੇ ਵਿਦਿਆਰਥੀਆਂ ਪਾਸੋਂ ਇਹ ਸੂਚਨਾ ਹਰ ਹਾਲਤ ਵਿਚ ਭਰਵਾਉਣੀ ਅਤੇ ਇਸ ਦਾ ਰਿਕਾਰਡ ਮੈਨਟੇਨ ਰਖਣਾ ਜ਼ਰੂਰ ਕਰਨ। (Action to be taken by HoDs)

(ii) **Student Feedback Proforma for Student Satisfaction Survey as per NAAC ਅਤੇ Feedback from Students on their Campus Experience**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਯੂਨੀਵਰਸਿਟੀ ਕੰਪਿਊਟਰ ਸੈਂਟਰ ਦੁਆਰਾ ਇਨ੍ਹਾਂ ਫੀਡ ਬੈਕਾਂ ਵਾਸਤੇ ਆਨਲਾਈਨ ਸਿਸਟਮ ਤਿਆਰ ਕੀਤਾ ਜਾਵੇਗਾ ਜੋ ਕਿ ਫੀਡਬੈਕ ਡਾਟਾ ਦੀ ਐਨਾਲਿਟੀਕਲ ਰਿਪੋਰਟ ਵੀ ਤਿਆਰ ਕਰੇਗਾ। ਜਦੋਂ ਇਹ ਆਨਲਾਈਨ ਸਿਸਟਮ ਤਿਆਰ ਹੋ ਜਾਵੇਗਾ ਤਦੋਂ ਡਾਇਰੈਕਟਰ ਆਈ.ਕਿਉ.ਏ.ਸੀ. ਅਤੇ ਡੀਨ ਅਕਾਦਮਿਕ ਮਾਮਲੇ ਦੁਆਰਾ ਸਾਰੇ ਮੁਖੀ ਸਾਹਿਬਾਨਾਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਉਹ ਆਪਣੇ ਆਪਣੇ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਇਹ ਫੀਡ ਬੈਕ ਪ੍ਰੋਫਾਰਮੇ ਆਨਲਾਈਨ ਭਰਨ ਲਈ ਪ੍ਰੇਰਿਤ/ਜਾਗਰੂਕ ਕਰਨ।

5. **ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਦਾ ਐਡਮਿਨੀਸਟ੍ਰੇਟਿਵ ਅਤੇ ਅਕੈਡਮਿਕ ਆਡਿਟ ਕਰਨ ਸਬੰਧੀ**

ਸਾਲ 2016-17 ਦੀਆਂ ਅਕੈਡਮਿਕ ਆਡਿਟ ਰਿਪੋਰਟਾਂ/ਵੱਖਰੇ ਤੌਰ ਤੇ ਫੰਡਾਂ ਸਬੰਧੀ ਪ੍ਰਾਪਤ ਡਿਮਾਂਡਾਂ ਅਨੁਸਾਰ ਲੋੜ ਮੁਤਾਬਿਕ ਰੁਸਾ ਫੇਜ 1 ਅਧੀਨ ਪ੍ਰਾਪਤ ਗ੍ਰਾਂਟ ਵਿਚੋਂ ਵੱਖ ਵੱਖ ਵਿਭਾਗਾਂ ਨੂੰ ਲੈਬ ਇਕੂਪਮੈਂਟਸ, ਮੈਨੇਟੈਂਸ, ਇਨਫਰਾਸਟਰਕਚਰ ਆਦਿ ਵਾਸਤੇ ਫੰਡ ਮੁਹੱਇਆ ਕਰਵਾਏ ਗਏ।

ਜਿਨ੍ਹਾਂ ਡੀਨ ਫੈਕਲਟੀਜ਼ ਵਲੋਂ ਸਾਲ 2016-17 ਅਤੇ 2017-18 ਦੀਆਂ ਰਿਪੋਰਟਾਂ ਨਹੀਂ ਭੇਜੀਆਂ ਗਈਆਂ ਉਨ੍ਹਾਂ ਨੂੰ ਡਾਇਰੈਕਟਰ ਆਈ.ਕਿਉ.ਏ.ਸੀ. ਅਤੇ ਡੀਨ ਅਕਾਦਮਿਕ ਮਾਮਲੇ ਰਾਹੀਂ ਇਕ ਵਾਰ ਫੇਰ ਯਾਦ ਪੱਤਰ ਜਾਰੀ ਕੀਤਾ ਜਾਵੇ।

ਅੰਤ ਵਿਚ ਮੀਟਿੰਗ ਧੰਨਵਾਦ ਦੇ ਮਤੇ ਨਾਲ ਖਤਮ ਹੋ ਗਈ।

ਡਾਇਰੈਕਟਰ,
ਆਈ.ਕਿਉ.ਏ.ਸੀ.

ਡੀਨ ਅਕਾਦਮਿਕ ਮਾਮਲੇ 26.2.19

ਵਾਈਸ ਚਾਂਸਲਰ ਸਾਹਿਬ 6.3.19

ਡੀਨ, ਅਕਾਦਮਿਕ ਮਾਮਲੇ, ਜੀ

7.3.19

Director - IQAC